Weekly

# CANADA SIKH TIMES

28 September - 4 October 2024

ਕੈਨੇਡਾ ਸਿੱਖ ਟਾਈਮਜ਼

Volume 2 Issue 39

• RELIGION • CULTURE • HERITAGE • BUSINESS

## 'ਮਿਸ ਇੰਡੀਆ ਨਿਊਜ਼ੀਲੈਂਡ' ਬਣੀ 21 ਸਾਲਾ ਨੂਰ ਕੌਰ ਰੰਧਾਵਾ ਨੂੰ ਹੈ ਪੰਜਾਬੀਅਤ ਉਤੇ ਮਾਣ



ਵਿਸ਼ਵ ਭਰ ਦੇ ਵਿਚ ਸੁੰਦਰਤਾ ਮੁਕਾਬਲੇ ਸਿਰਫ ਸੂਰਤਾਂ ਤੱਕ ਹੀ ਸੀਮਿਤ ਨਹੀਂ ਹੁੰਦੇ ਵੱਖ-ਵੱਖ ਪਰਖ ਪੜਾਵਾਂ ਦੇ ਵਿਚੋਂ ਨਿਕਲ ਕੇ ਆਖਿਰ ਅੰਤਿਮ ਗੇੜ ਦੇ ਵਿਚ ਜੱਜਾਂ ਦੇ ਸਾਹਮਣੇ ਜਿੱਥੇ ਤੁਸੀਂ ਆਪਣੀ ਸੀਰਤ ਤੇ ਸੁੰਦਰਤਾ ਦੇ ਰਾਹੀਂ ਆਪਣਾ ਸਭਿਆਚਾਰ ਪੇਸ਼ ਕਰਨਾ ਹੁੰਦਾ ਹੈ ਉਥੇ ਤੁਹਾਡੀ ਸਿਆਣਪ ਪਰਖਣ ਲਈ ਸਵਾਲ ਵੀ ਪੁੱਛੇ ਜਾਂਦੇ ਹਨ। ਬੀਤੇ ਦਿਨੀਂ ਔਕਲੈਂਡ ਵਿਖੇ 22ਵਾਂ ਮਿਸ ਇੰਡੀਆ ਨਿਊਜ਼ੀਲੈਂਡ ਮੁਕਾਬਲਾ 'ਰਿਦਮ ਹਾਊਸ' ਵੱਲੋਂ ਕਰਵਾਇਆ ਗਿਆ। ਫਾਈਨਲ ਗੇੜ ਤੱਕ 23 ਲੜਕੀਆਂ ਪਹੁੰਚੀਆਂ ਦੇ ਵਿਚ 4-5 ਪੰਜਾਬੀ ਕੁੜੀਆਂ ਵੀ ਸਨ। ਵੱਖ-ਵੱਖ ਪੇਸ਼ਕਾਰੀਆਂ ਦੇ ਬਾਅਦ ਜਦੋਂ ਨਤੀਜੇ ਐਲਾਨੇ ਗਏ ਤਾਂ ਪੰਜਾਬੀਆਂ ਨੂੰ ਇਸ ਗੱਲ ਦੀ ਖੁਸ਼ੀ ਹੋਏਗੀ ਕਿ ਇਸ ਵਾਰ 'ਮਿਸ ਇੰਡੀਆ ਨਿਊਜ਼ੀਲੈਂਡ 2024' ਦਾ ਤਾਜ਼ ਪੰਜਾਬੀ ਮਾਪਿਆਂ ਦੀ ਇਥੇ ਜਨਮੀ ਧੀਅ 'ਨੂਰ ਕੌਰ ਰੰਧਾਵਾ' ਦੀ ਝੋਲੀ ਪਿਆ। ਇਸ ਤਾਜ਼ ਦੇ ਲਈ ਉਸਨੂੰ ਬਹੁਤ ਮਾਣ ਹੈ, ਉਸਦਾ ਪੰਜਾਬੀ ਪਿਛੋਕੜ ਅਤੇ ਸਭਿਆਚਾਰ ਉਸਦੇ ਲਈ ਅਹਿਮ ਹਿੱਸਾ ਸੀ।

## 14 Khadoor Sahib Pupils Clear Written Test of NDA



Thirteen boys and one girl, who are students of the Nishan-E-Sikhi Institute of Science and Training, Khadoor Sahib, have cleared the written exam for the National Defence Academy (NDA). Another girl student, who is undergoing a preparatory course for civil services, has cleared the CDSA exam. Nishan-e-Sikhi Institute of Science and Training, is run under the patronage of Baba Sewa Singh Padama Shri. All these students would now be appearing for the SSB interview, the next step of the selection process. Twenty-four students of the institution are serving in the Indian armed forces.

## ਗੁਰਬਾਣੀ ਦਾ ਅਨੰਦ ਕਿਵੇਂ ਮਾਣੀਏ? - 2

4. **ਗੁਰਬਾਣੀ ਨੂੰ ਸਮਝਣਾ:** ਉੱਪਰਲੇ ਤਿੰਨ ਪੜਾਉ ਅਸੀਂ ਥੋੜੀ ਜਿਹੀ ਕੋਸ਼ਿਸ਼ ਕਰਕੇ ਪਾ ਲੈਂਦੇ ਹਾਂ, ਪਰ ਚੌਥਾ ਪੜਾਉ ਗੁਰਬਾਣੀ ਨੂੰ ਸਮਝਣਾ ਯਕੀਨਨ ਔਖਾ ਹੈ। ਵਿਰਲੇ ਹਨ, ਜੋ ਬਾਣੀ ਨੂੰ ਸਮਝਣ ਦਾ ਯਤਨ ਕਰਦੇ ਹਨ। ਸੁਣਨਾ, ਪੜਨਾ, ਗਾਉਣਾ ਬਹੁਤੀਆਂ ਦੇ ਹਿੱਸੇ ਆਇਆ ਹੈ, ਪਰ ਅਸੀਂ ਕੀ ਸੁਣ ਰਹੇ ਹਾਂ, ਕੀ ਪੜ ਰਹੇ ਹਾਂ, ਕੀ ਗਾ ਰਹੇ ਹਾਂ, ਇਹ ਵਿਰਲਿਆਂ ਨੇ ਹੀ ਸੋਚਣ ਅਤੇ ਵਿਚਾਰਨ ਦੀ ਕੋਸ਼ਿਸ਼ ਕੀਤੀ। ਜਿਨਾਂ ਨੇ ਸਮਝਣ ਦਾ ਯਤਨ ਕੀਤਾ, ਉਹ ਅਗਲੇ ਚਾਰ ਪੜਾਓ ਵੀ ਸਹਿਜ ਨਾਲ ਪ੍ਰਾਪਤ ਕਰ ਲੈਂਦੇ ਹਨ। ਇਹ ਪੜਾਉ ਪਹਿਲੇ ਤਿੰਨ ਪੜਾਵਾਂ ਅਤੇ ਅਗਲੇ ਚਾਰ ਪੜਾਵਾਂ ਨੂੰ ਜੋੜਨ ਵਾਲਾ ਪੁਲ ਹੈ। ਗੁਰਬਾਣੀ ਨੂੰ ਸਮਝਣ ਲਈ ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨਾ ਜਰੂਰੀ ਹੈ।

5. **ਗੁਰਬਾਣੀ ਲਿਖਣੀ:** ਜਿਨਾਂ ਨੇ ਗੁਰਬਾਣੀ ਸਮਝੀ, ਉਹਨਾਂ ਨੇ ਇਸ ਬਾਬਤ ਲਿਖਣੀ ਆਰੰਭ ਕਰ ਦਿੱਤੀ। ਪਰ, ਕਈਆਂ ਨੇ ਗਲਤ ਅਰਥ ਸਮਝਿਆ ਜਾਂ ਜ਼ਬਰਦਸਤੀ ਗਲਤ ਅਰਥ ਕਰਨੇ ਚਾਹੇ, ਉਹਨਾਂ ਨੇ ਵੀ ਲਿਖਿਆ, ਪਰ ਗਲਤ ਲਿਖਿਆ, ਉਹਨਾਂ ਨੂੰ ਸੁਧਾਰਨ ਦੀ ਲੋੜ ਹੈ। ਜਿਨਾਂ ਨੇ ਸਹੀ ਸਮਝਿਆ ਤੇ ਸਹੀ ਲਿਖਿਆ, ਧੰਨ ਹਨ, ਉਹ ਜਨ। ਅੱਜ ਅਸੀਂ ਉਹੀ ਬਾਣੀ ਪੜ ਰਹੇ ਹਾਂ। ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਜਿਸ ਨੂੰ ਸਾਡੇ ਗੁਰੂਆਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਨੇ ਉਚਾਰੀ ਅਤੇ ਲਿਖੀ ਹੈ। ਅੱਜ ਯਦੀ ਬਾਣੀ ਲਿਖਤ ਵਿਚ ਹੈ, ਤਾਂ ਹੀ ਅਸੀਂ ਇਸ ਕਲਾਸ ਚ ਬੈਠੇ ਹੋਏ ਗੁਰਬਾਣੀ ਵਿਚਾਰ ਕਰ ਰਹੇ ਹਾਂ, ਅਤੇ ਗਲਤ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਾਂ।

6. **ਗੁਰਬਾਣੀ ਨੂੰ ਮਹਿਸੂਸ ਕਰਨਾ:** ਗੁਰਬਣੀ ਨੂੰ ਮਹਿਸੂਸ ਕਰਨ ਲਈ ਸਾਨੂੰ ਮਨ ਨੂੰ ਸਮਝਾਣਾ ਪਵੇਗਾ। ਮਨ ਦੀ ਸਪੀਡ ਬਹੁਤ ਤੇਜ ਹੁੰਦੀ ਹੈ, ਇਸ ਨੂੰ ਗੁਰੂ ਦੇ ਲੜ ਮੁੜ-ਮੁੜ ਲਗਾਨਾ ਪਵੇਗਾ। ਮੁੜ -ਮੁੜ ਕਿਸੇ ਚੀਜ਼ ਨੂੰ ਮਨ ਨਾਲ ਮਹਿਸੂਸ ਕੀਤਾ ਜਾਏ, ਤਾਂ ਮਨ ਵਿਚ ਉਹ ਬਾਣੀ ਜਾਂ ਵਿਚਾਰ ਹੌਲੀ-ਹੌਲੀ ਮਹਿਸੂਸ ਹੁੰਦੇ ਜਾਂਦੇ ਹਨ, ਮਨ ਵਿਚ ਸਿੰਝਦੇ ਜਾਂਦੇ ਹਨ। ਪੰਜ ਪੜਾਵਾਂ ਤੱਕ ਪੁੱਜੇ ਪ੍ਰਾਣੀਆਂ ਵਿੱਚੋਂ ਅੱਧੇ ਤੋਂ ਵੀ ਜਿਆਦਾ ਲੋਕੀ ਇਸ ਪੜਾਓ ਤੱਕ ਪੁੱਜ ਸਕਦੇ ਹਨ । ਪਾਤਿਸ਼ਾਹ ਸੇਵਕ ਦੇ ਨਿਕਟ ਹੋ ਕੇ ਵਰਤਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਪਰ ਇਸ ਤੋਂ ਅੱਗੇ ਵੀ ਹੋਰ ਪੜਾਓ ਹਨ।

7. **ਗੁਰਬਾਣੀ ਅਨੁਸਾਰ ਜੀਉਣਾ:** ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ (ਬਾਕੀ ਪੰਨਾ 4 'ਤੇ)

## DESH VIDESH

# From Humility to Divinity

The Journey of Guru Ramdas Sahib

- Inni Kaur

16 September 2024 (Nanakshahi 1 Assu 556) marks the 450th Gurgaddi Divas (Coronation Anniversary) of Guru Ramdas Sahib, and I find myself yearning to be enveloped in the awe of the Guru. I close my eyes and seek to see through the eyes of the heart, to hear through the ears of the spirit. What unfolds before me?

I am transported to a tranquil morning, where the first light of dawn kisses the earth with a gentle embrace. The air is thick with the scent of fresh earth and blooming flowers, and the soft rustling of leaves whispers secrets of the past. In this sacred moment, the world around me fades, and I find myself standing at the threshold of something vast and ineffable—an eternal presence that transcends time.

I feel the universe's pulse in the stillness, a rhythmic beat that resonates deep within my being. It is as if the earth beneath my feet is alive, breathing in harmony with the Divine. I am reminded that Guru Ramdas Sahib, too, was born of this earth, yet touched by the ethers—a being who walked among us but whose spirit soared far beyond the mortal realm.

As I remain in this trance, the echoes of his sabads (Infinite Wisdom) begin to fill the air, like a gentle breeze stirring the leaves of ancient trees. Each note is a drop of nectar, sweet and pure, nourishing the spirit and awakening a deep sense of reverence within me. It is as though the entire creation is singing in unison, a celestial symphony that celebrates the Guru's divine legacy.

In this sacred space, I realize that I am not alone. The spirit of the sangat, the devoted community, surrounds me like a warm embrace. We are bound by a shared love for the Guru, a love that transcends time and space, uniting us in a collective yearning for his grace and guidance. The Guru's presence is palpable, a steady and unwavering force that offers solace and strength to all who seek it.

As I delve deeper into the life of Guru Ramdas Sahib, I reflect on how his journey began in the most humble of circumstances in Chuna Mandi, Lahore, Panjab—now in Pakistan. Born Jetha ji, he entered this world in a family struggling to make ends meet. By the tender age of seven, he had already faced the devastating loss of both parents, leaving him to be raised by his grandmother. His childhood, marked by simplicity and hardship, saw him selling modest brown chickpeas to make a living. The divine light within him that would guide his every step.

This light, though shrouded in the trials of his early years, was a beacon that drew him toward his destiny. At twelve, destiny led him to Khadur and later to Goindwal, where Guru Amardas Sahib resided. There, his heart found its true home, captivated by the Guru's presence and the warmth of the Sikh sangat.

(Continued)





Explore the World with
Amar Holidays Pvt. Ltd.

Gurpreet Singh
Director

(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING

E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

# HERITAGE

## ਨੌਜਵਾਨਾਂ ਨੂੰ ਗੁਰਮਤਿ ਨਾਲ ਜੋੜਨ ਲਈ ਸਾਨੂੰ ਮਿਲ ਕੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ – ਗਿਆਨੀ ਕੇਵਲ ਸਿੰਘ




ਨਵੀਂ ਦਿੱਲੀ ਰਜਿੰਦਰ ਨਗਰ ਦੀ ਗੁਰੂ ਨਾਨਕ ਲਾਇਬ੍ਰੇਰੀ ਵਿਖੇ ਅਕਾਲੀ ਫੂਲਾ ਸਿੰਘ ਸਟੱਡੀ ਸਰਕਲ ਵਲੋਂ ਕਰਵਾਈ ਗਈ ਪੰਜਵੀਂ ਗੁਰਮਤਿ ਲੈਕਚਰ ਲੜੀ ਵਿੱਚ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ (ਸਾਬਕਾ ਜੱਥੇਦਾਰ ਤਖ਼ਤ ਦਮਦਮਾ ਸਾਹਿਬ) ਨੇ ਵਰਤਮਾਨ ਸਮੇਂ ਵਿੱਚ ਨੌਜਵਾਨਾਂ ਨੂੰ 'ਗੁਰਮਤਿ ਨਾਲ ਕਿਵੇਂ ਜੋੜੀਏ' ਵਿਸ਼ੇ 'ਤੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬੱਚੇ ਦੇ ਪੈਦਾ ਹੁੰਦਿਆਂ ਹੀ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਨੂੰ ਹਿੱਕ ਨਾਲ ਲਾਕੇ ਗੁਰਮਤਿ ਦੇ ਰਾਹ 'ਤੇ ਤੋਰੀਏ। ਜੇ ਮਾਵਾਂ ਬੱਚਿਆਂ ਨੂੰ ਆਪਣਾ ਦੁੱਧ ਨਹੀਂ ਚੁੰਘਾਣਗੀਆਂ, ਬੱਚਿਆਂ ਨਾਲ ਸਮਾਂ ਬਿਤਾਉਣ ਦੀ ਬਜਾਏ ਜੇ ਅਸੀਂ ਬੱਚਿਆ ਨੂੰ ਮੋਬਾਈਲ ਫੜ੍ਹਾ ਦਿਆਂਗੇ ਤਾਂ ਉਹ ਬੱਚਾ ਵੱਡਾ ਹੋ ਕਦੇ ਵੀ ਮਾਪਿਆਂ ਅਤੇ ਸਮਾਜ ਦਾ ਆਗਿਆਕਾਰੀ ਨਹੀਂ ਹੋਵੇਗਾ। ਲੋੜ ਤੋਂ ਵਧ ਬੱਚਿਆਂ ਨੂੰ ਸਹੂਲਤਾਂ ਪ੍ਰਦਾਨ ਕਰ ਕੇ ਅਸੀਂ ਉਨ੍ਹਾਂ ਨੂੰ ਸਮਾਜ ਦੀ ਅਸਲੀਅਤ ਤੋਂ ਦੂਰ ਕਰ ਰਹੇ ਹਾਂ। ਉਹ ਕਲਪਨਾ ਵਿੱਚ ਜੀਣ ਦੇ ਆਦੀ ਹੋ ਜਾਂਦੇ ਹਨ। ਗਿਆਨੀ ਕੇਵਲ ਸਿੰਘ ਜੀ ਨੇ ਨੌਜਵਾਨਾਂ ਨੂੰ ਰਸਤਾ ਦਿਖਾਉਣ ਲਈ ਅਧਿਆਪਕ ਦੀ ਭੂਮਿਕਾ 'ਤੇ ਵੀ ਬਲ ਦਿੱਤਾ। ਉਨ੍ਹਾਂ ਨੌਜਵਾਨਾਂ ਨੂੰ ਸਿੱਖ ਸੰਸਥਾਵਾਂ, ਪੰਚਾਇਤਾਂ ਆਦਿ ਦੇ ਪ੍ਰਬੰਧ ਅਤੇ ਸੰਚਾਲਨ ਵਿੱਚ ਅਹਿਮ ਜ਼ਿੰਮੇਵਾਰੀਆਂ ਦੇਣ ਅਤੇ ਅਹਿਮ ਫੈਸਲੇ ਲੈਣ ਦੀ ਮਹੱਤਤਾ ਦਰਸਾਈ। ਗਿਆਨੀ ਜੀ ਨੇ ਨੌਜਵਾਨਾਂ ਨੂੰ ਗੁਰਮਤਿ ਨਾਲ ਜੋੜਨ ਲਈ ਮੋਬਾਈਲ ਦੀ ਬਜਾਏ ਚੰਗੀਆਂ ਪੁਸਤਕਾਂ ਪੜ੍ਹਨ ਦੀ ਬਚਪਨ ਤੋਂ ਹੀ ਆਦਤ ਪਾਉਣ ਤੇ ਬਲ ਦਿੱਤਾ। ਲੈਕਚਰ ਤੋਂ ਬਾਅਦ ਗਿਆਨੀ ਜੀ ਦਾ ਸ਼ਾਲ ਅਤੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ। ਸ. ਰੁਪਿੰਦਰ ਸਿੰਘ ਮਾਰਕੋ ਨੇ ਆਪਣੇ ਪਿਤਾ ਪ੍ਰਸਿੱਧ ਲੇਖਕ ਸ੍ਰ ਮਨੋਹਰ ਸਿੰਘ ਮਾਰਕੋ ਰਚਿਤ ਪੁਸਤਕ "ਗੁਰੂ ਗ੍ਰੰਥ ਸਹਿਬ ਜੀ ਦੀਆਂ ਹੱਥਲਿਖਤ ਪ੍ਰਾਚੀਨ ਬੀੜਾਂ ਦੀ ਪ੍ਰਕਰਮਾ" ਦੇ ਦੋ ਭਾਗਾਂ ਦਾ ਸੈੱਟ ਅਤੇ ਪ੍ਰੋ. ਹਰਮਿੰਦਰ ਸਿੰਘ ਨੇ 'ਆਜ ਕਾ ਆਦੇਸ਼' ਨਾਮਕ ਪੁਸਤਕ ਗਿਆਨੀ ਜੀ ਨੂੰ ਭੇਟ ਕੀਤੀ। ਬੀਬੀ ਇੰਦਰਜੀਤ ਕੌਰ ਨੇ ਵੀ ਆਪਣੀਆਂ ਦੋ ਕਾਵਿ ਪੁਸਤਕਾਂ ਸ੍ਰ ਰੁਪਿੰਦਰ ਸਿੰਘ ਮਾਰਕੋ ਨੂੰ ਭੇਟ ਕੀਤੀਆਂ। ਸੰਗਤ ਵਲੋਂ ਗਿਆਨੀ ਜੀ ਨੂੰ ਉਨ੍ਹਾਂ ਵਲੋਂ ਪੰਜਾਬ ਦੇ ਪਿੰਡਾਂ ਵਿੱਚ ਕਰਵਾਏ ਜਾ ਰਹੇ ਵਿਦਿਅਕ ਕਾਰਜਾਂ ਲਈ ਮਾਇਕ ਸਹਿਯੋਗ ਪ੍ਰਦਾਨ ਕੀਤਾ ਗਿਆ। ਗਿਆਨੀ ਜੀ ਨੂੰ ਸੁਣਨ ਲਈ ਲਾਇਬ੍ਰੇਰੀ ਹਾਲ ਖਚਾਖਚ ਭਰਿਆ ਹੋਇਆ ਸੀ। ਕਈ ਮਾਣਯੋਗ ਸਜਣ ਅਤੇ ਕਾਲਜ ਦੇ ਵਿਦਿਆਰਥੀ ਵੀ ਸ਼ਰੋਤਿਆਂ ਵਿੱਚ ਹਾਜ਼ਰ ਸਨ।

## Brampton Resident Recognized for 'championing the welfare of international students'



It was the "overwhelming" response to a food bank posting in 2021 that led Puneet Johal to develop a food program at Sheridan College that helped thousands of students. Johal, a Brampton resident, came to Canada from India to study chemical engineering technology in 2018. After her graduation in 2021, she got a job at Sheridan and began supporting the college's student affairs office on various initiatives focused on enhancing the international student experience. The need was evident in 2021 when a local food bank asked the college to post that the food bank was open over the winter holidays. That led Johal to launch the Sheridan Food Program, which distributed more than 100,000 pounds of food, helping more than 4,000 students. Johal said the program was launched as a pilot project in January 2022 and then became a "full-scale program" across all three Sheridan campuses in the fall of that year.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਖਾਲਸੇ ਦਾ ਜਨਮ ਸਥਾਨ ਕਿਸ ਨੂੰ ਕਹਿੰਦੇ ਹਨ ?**

ੳ. ਅੰਮ੍ਰਿਤਸਰ ਅ. ਹਜ਼ੂਰ ਸਾਹਿਬ
ੲ. ਬੰਗਲਾ ਸਾਹਿਬ ਸ. ਅਨੰਦਪੁਰ ਸਾਹਿਬ

**2. ਪਹਿਲਾ ਕੁਸ਼ਟ ਆਸ਼੍ਰਮ (ਆਸ਼ਰਮ) ਕਿਸ ਨੇ ਬਣਵਾਇਆ ਸੀ?**

ੳ. ਗੁਰੂ ਅਮਰਦਾਸ ਜੀ ਅ. ਗੁਰੂ ਅਰਜਨ ਦੇਵ ਜੀ
ੲ. ਨਾਮਦੇਵ ਜੀ ਸ. ਬਾਬਾ ਫਰੀਦ

**3. ਸਿੱਖੀ ਜੈਕਾਰਾ ਕੀ ਹੈ?**

ੳ. ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ
ਅ. ਦੇਗ ਤੇਗ ਫਤਹਿ
ੲ. ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ
ਸ. ਆਗਿਆ ਭਈ ਅਕਾਲ ਕੀ

**4. In which Bani of Nitnem given on the first 13 pages of Guru Granth Sahib the word 'ਮਲਆਨਲੋ' appears?**

a. Jap ji b. Sodar
c. So Purakh d. Sohila

(ਦੇਖੋ ਉੱਤਰ ਪੰਨਾ 4 'ਤੇ)

# Dreams of studying in Canada fade for students in India



Dilraj Singh spent most of his high school years in India's northern Punjab state dreaming of studying abroad in Canada, but he's now abandoned that plan.

Singh, 21, said he's also heard recent negative comments from friends living in Canada about the high cost of living and weak labour market in a country that accepts more Indians as international students than any other nationality. "I do not know if that is a myth or a real thing," he said. "But that's why I don't consider Canada as my top option now." He's applying to go to Australia instead, where his elder brother lives and where he might like to pursue a master's in business administration.

A declining interest in Canada as a study destination for Indian students is a trend that's intensifying, according to numerous Punjab-based study abroad consultancy companies that spoke with CBC News.

Adding to the turmoil for aspiring students is the recent announcement from the Canadian government that it would reduce the number of international student permits it hands out by another 10 per cent, following a temporary cap instituted earlier this year.

The policy is sowing confusion among prospective students, said Sumit Jain, director at Jain Overseas, an immigration and study abroad consultancy company based in Jalandhar, Punjab.

◆◆◆◆◆

# ਗੁਰਬਾਣੀ ਦਾ ਅਨੰਦ ਕਿਵੇਂ ਮਾਣੀਏ? – 2

ਨਿਰਾਲੀ॥ ਗਰਬਾਣੀ ਸਾਨੂੰ ਸਿੱਖਿਆ ਦਿੰਦੀ ਹੈ ਕਿ ਜੋ ਗੁਰੂ ਨੇ ਕਿਹਾ ਉਹ ਭਲਾ ਮੰਨਨਾ, ਜੋ ਗੁਰੂ ਦਾ ਹੁਕਮ ਹੈ ਉਹੀ ਕਾਰਜ ਕਰਨੇ। ਗੁਰੂ ਜੀ ਨੇ ਸਾਨੂੰ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੀ ਤਾਕੀਦ ਕੀਤੀ ਹੈ, ਇਸ ਦੇ ਅਨੁਸਾਰ ਦ੍ਰਿੜ ਹੋ ਕੇ ਚਲਣੇ ਨਾਲ ਸਾਡਾ ਜੀਉਣਾ ਗੁਰੂ ਅਨੁਸਾਰ ਹੋ ਜਾਂਦਾ ਹੈ, ਅਤੇ ਜੀਵਨ ਸਫਲ ਹੋ ਜਾਂਦਾ ਹੈ।

8. **ਗੁਰਬਾਣੀ ਦਾ ਅਨੰਦ ਮਾਨਣਾ:** ਗੁਰਬਾਣੀ ਦਾ ਅਨੰਦ ਆਪਣੇ ਮਨ ਅਤੇ ਦਿਲਾਂ ਚ ਬਸਾ ਕੇ ਅਨੰਦ ਖੇੜੇ ਵਿਚ ਰਹਿਣਾ ਹੈ। ਹਰ ਅਵਸਥਾ ਚ ਸਹਜ ਰਹਿ ਕੇ ਆਨੰਦ ਮਾਨਣਾ ਹੈ। ਗੁਰਬਾਣੀ ਅਨੁਸਾਰ: ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਸੁਖ-ਦੁਖ, ਮਾਨ-ਅਪਮਾਨ ਸਾਡੇ ਜੀਵਨ ਦੇ ਸਾਥੀ ਹਨ, Part of Life ਹਨ। ਅਸੀਂ ਦੋਨਾਂ ਨੂੰ ਨਾਲ ਲੈ ਕੇ ਚੱਲਣਾ ਹੈ। ਪਰ, ਯਦਿ ਸਾਡੇ ਕਰਮ ਚੰਗੇ ਹੋਣਗੇ , ਗੁਰੂ ਅਨੁਸਾਰ ਹੋਣਗੇ, ਹਰ ਇਕ ਨਾਲ ਗੁੱਸਾ, ਕੌੜੇ ਵਚਨ, ਅਹੰਕਾਰ, ਛੱਡ ਕੇ, "ਪਿਆਰ ਨਾਲ" ਰਹਾਂਗੇ, ਤੇ ਸਾਡੇ ਨਾਲ ਸਿਰਫ, ਸੁਖ ਅਤੇ ਮਾਨ ਰਹਿ ਜਾਣਗੇ, ਦੁਖ ਅਤੇ ਅਪਮਾਨ ਸਾਨੂੰ ਛੱਡ ਜਾਣਗੇ।

ਸੰਗਤ ਜੀ, ਚੜਦੀ-ਕਲਾ ਦੀ ਇਹ ਅਵਸਥਾ ਕੋਟਾਨ -ਕੋਟ ਵਿੱਚ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਧੰਨ ਹਨ, ਉਹ ਜੋ ਨਿਰੰਤਰ ਇਸ ਅੰਤਮ ਪੜਾਓ ਤੇ ਪੂਜਨ ਲਈ ਯਤਨਸ਼ੀਲ ਹਨ। ਉਦਮ ਤੇ ਅਰਦਾਸ ਬਣੀ ਰਹੇ, ਸਫਲਤਾ ਜਰੂਰ ਮਿਲੇਗੀ। ਇਹੀ ਹੈ ਗੁਰਬਾਣੀ ਦਾ ਆਨੰਦ ਮਾਨਣਾ। ਭੁੱਲਾਂ-ਚੁੱਕਾਂ ਦੀ ਖਿਮਾਂ।



– **ਸ. ਮਹਿੰਦਰ ਸਿੰਘ** (ਰਾਂਚੀ, ਝਾਰਖੰਡ)

## SIKH MATRIMONIALS

Gursikh Boy ND/NT29/5'9"/BTech. Thapar Univ./ Masters Univ. Of Windsor, Canada/Working in Canada ,/ 100000 CAD /PR in progress/ Contact +91 8689080882(Mother) +1 519 992 0989(Iknoor Singh)

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271

Gursikh girl30/5'6"/M.Sc Statistics DU/Working in Canada/Earning 70k Canadian Dollars/ Brother in TD Bank/ Contact +919899541505

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. A 3. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555